# OFFICE OF THE
# MUNICIPAL COUNCIL, ZIRAKPUR
(Distt. S.A.S. Nagar)
## ਦਫਤਰ ਨਗਰ ਕੌਂਸਲ, ਜੀਰਕਪੁਰ (ਜਿਲ੍ਹਾ ਐਸ਼ ਏ .ਐਸ਼ ਨਗਰ)

ਨੰਬਰ 9954 ਮਿਤੀ: 8-12-2016

ਵੱਲ,

ਮਾਇਆ ਗਾਰਡਨ ਸਿਟੀ,
ਸਿੰਘਪੁਰਾ, ਜੀਰਕਪੁਰ।

ਵਿਸ਼ਾ :- ਮਾਇਆ ਗਾਰਡਨ ਸਿਟੀ,ਸਿੰਘਪੁਰਾ, ਜੀਰਕਪੁਰ ਦੇ ਗਰੁੱਪ ਹਾਉਸਿੰਗ ਪ੍ਰੋਜੈਕਟ ਦੇ ਪਾਰਸਲ ਕੰਮਪਲੀਸ਼ਨ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸੰਬਧ ਵਿੱਚ ਆਪ ਵੱਲੋ ਆਪਣੇ ਗਰੁੱਪ ਹਾਉਸਿੰਗ ਪ੍ਰੋਜੈਕਟ ਕੰਪਲੀਟ ਹੋਣ ਉਪਰੰਤ ਉਸ ਦੇ ਪਾਰਸਲ ਕੰਪਲੀਸਨ ਸਰਟੀਫਿਕੇਟ ਦੀ ਮੰਗ ਸਬੰਧੀ ਦਿੱਤੀ ਗਈ ਪ੍ਰਤੀ ਬੇਨਤੀ ਨੂੰ ਮੰਨਦੇ ਹੋਏ, ਆਪ ਦੇ ਗਰੁੱਪ ਹਾਉਸਿੰਗ ਪ੍ਰੋਜੈਕਟ ਦੇ ਬਲਾਕ ਨੰ:-

| Tower | Tower | Tower | Tower | Tower | Tower |
|---|---|---|---|---|---|
| C-1 | D-1 | B-1 | A-1 | G-1 | I-1 |
| C-2 | D-2 | B-2 | A-2 | G-2 | I-1 |
| E-1 | D-3 | B-3 | A-3 | G-3 | I-3 |
| E-2 | D-4 | B-4 | A-4 | G-4 | H-1 |
| E-3 | D-5 | F-1 | A-5 | | K-1 |
| E-4 | D-6 | F-2 | | | |
| | D-8 | | | | |

ਨੂੰ ਪਾਰਸਲ ਕੰਮਪਲੀਸ਼ਨ/ਆਕੂਪੇਸ਼ਨ ਸਰਟੀਫਿਕੇਟ ਨਿਮਨਲਿਖਤ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ :-

1. ਕਿ ਫਾਇਰ ਸੇਫਟੀ ਅਤੇ ਵਾਤਾਵਰਣ ਕਲੀਰੈਂਸ ਸਬੰਧੀ ਮਸ਼ੀਨਰੀ ਨੂੰ ਭਵਿੱਖ ਵਿੱਚ ਮੈਨਟੇਨ ਕਰਨ ਦੇ ਪਾਬੰਦ ਹੋਵੇਗੀ, ਅਤੇ ਫਾਇਰ ਸੇਫਟੀ ਸਰਟੀਫਿਕੇਟ ਹਰ ਸਾਲ ਰੀਨਿਊ ਕਰਵਾ ਕੇ ਦੇਣਾ ਆਪ ਦੀ ਨਿੱਜੀ ਜਿੰਮੇਵਾਰੀ ਹੋਵੇਗੀ।
2. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਸ ਵੀ ਵਿਭਾਗ ਦੀ ਐਨ.ਓ.ਸੀ. ਲੋੜੀਦਾਂ ਹੈ ਉਸ ਨੂੰ ਲੈਣ ਦੇ ਪਾਬੰਦ ਹੋਵੋਗੇ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਜਰੂਰੀ ਹੋਵੇਗੀ।
3. ਇਸ ਬਿਲਡਿੰਗ ਵਿੱਚ ਕਿਸੇ ਵੀ ਤਰ੍ਹਾ ਦੀ ਅਡੀਸ਼ਨ ਅਲਟਰੈਸ਼ਨ ਦੀ ਪੂਰਵ ਪ੍ਰਵਾਨਗੀ ਲੈਣ ਦੇ ਪਾਬੰਦ ਹੋਵੋਗੇ।
4. The Person with disability equal opportunities protection of right & full participation Act, 1955 ਅਤੇ ਰੈਨ ਹਾਰਵੈਸਟਿੰਗ ਸਿਸਟਮ ਅਤੇ ਐਸ.ਟੀ.ਪੀ. ਦਾ ਪ੍ਰਬੰਧ ਹਮੇਸ਼ਾ ਚਾਲੂ ਹਾਲਤ ਵਿੱਚ ਰੱਖਣਾ ਆਪ ਦੀ ਨਿੱਜੀ ਜਿਮੇਂਵਾਰੀ ਹੋਵੇਗੀ।
5. ਸਰਕਾਰ ਦੇ ਉਪਰੋਕਤ ਪੱਤਰ ਅਨੁਸਾਰ ਆਪ ਵੱਲੋਂ ਪਾਰਕਿੰਗ ਸਬੰਧੀ ਹਦਾਇਤਾਂ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਪਾਰਕਿੰਗ ਸਬੰਧੀ ਨਿਯਮਾਂ ਦੀ ਪਾਲਣਾ ਕਰਨੀ ਆਪ ਦੀ ਜਿੰਮੇਵਾਰੀ ਹੋਵੇਗੀ।
6. ਗਰੁੱਪ ਹਾਉਸਿੰਗ ਪ੍ਰੋਜੈਕਟ ਰੈਜੀਡੈਂਟਸ ਸੁਸਾਇਟੀ ਨੂੰ ਹੈਂਡਓਵਰ ਕਰਨ ਤੋਂ ਪਹਿਲਾਂ ਪ੍ਰੋਜੈਕਟ ਸਬੰਧੀ ਮੈਨਟੀਨੈਂਸ ਅਤੇ ਲਿਫਟਾਂ, ਟਿਊਬਵੈਲ, ਐਸ.ਟੀ.ਪੀ., ਫਾਇਰ ਫਾਈਟੀਂਗ ਸੀਸਟਮ ਚਾਲੂ/ਸਹੀ ਹਾਲਤ ਵਿੱਚ ਦੇਣਾ ਆਪ ਦੀ ਨਿਜੀ ਜਿੰਮੇਵਾਰੀ ਹੋਵੇਗੀ।
7. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਗਰੁੱਪ ਹਾਉਸਿੰਗ ਪ੍ਰੋਜੈਕਟ ਨੂੰ ਕੰਪਲੀਟ ਕਰਨ ਉਪਰੰਤ ਪੂਰੇ ਗਰੁੱਪ ਹਾਉਸਿੰਗ ਪ੍ਰੋਜੈਕਟ ਦਾ ਕੰਪਲੀਸਨ ਸਰਟੀਫਿਕੇਟ ਸਰਕਾਰ ਦੀਆਂ ਹਦਾਇਤਾ ਅਨੁਸਾਰ ਲੈਣ ਦੇ ਪਾਬੰਦ ਹੋਵੋਗੇ।

ਮੰਨਜੂਰ ਸ਼ੁਦਾ ਨਕਸ਼ੇ ਅਨੁਸਾਰ ਉਸਾਰੀ ਪੂਰੀ ਕਰਨ ਉਪਰੰਤ ਉਪਰੋਕਤ ਅਨੁਸਾਰ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਆਪ ਦਾ ਪਾਰਸਲ ਕੰਮਪਲੀਸ਼ਨ/ਆਕੂਪੇਸ਼ਨ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।

ਕਾਰਜ ਸਾਧਕ ਅਫਸਰ,
ਨਗਰ ਕੋਸਲ ਜੀਰਕਪੁਰ।

Scanned by CamScanner